**ਦਫਤਰ ਸੀਨੀਅਰ ਕਪਤਾਨ ਪੁਲਿਸ**

**ਫਿਰੋਜ਼ਪੁਰ**

## ਪ੍ਰੈਸ ਨੋਟ

**ਮਿਤੀ: 18 ਮਾਰਚ 2024**

**ਜਿਲ੍ਹਾ ਪੁਲਿਸ ਫਿਰੋਜ਼ਪੁਰ ਦੁਆਰਾ ਆਮ ਪਬਲਿਕ ਨੂੰ ਸਮਾਂਬੰਧ ਢੰਗ ਨਾਲ ਨਿਆਂ ਯਕੀਨੀ ਬਨਾਉਣ ਦੇ ਮਕਸਦ ਨਾਲ ਮਿਤੀ 02-03-2024 ਨੂੰ ਜਿਲ੍ਹਾ ਪੁਲਿਸ ਫਿਰੋਜ਼ਪੁਰ ਦੁਆਰਾ ਪੁਲਿਸ ਲਾਈਨ, ਫਿਰੋਜਪੁਰ ਵਿਖੇ ਅਤੇ ਮਿਤੀ 09,10-03-2024 ਅਤੇ 16,17-03-2024 ਨੂੰ ਸਬ ਡਵੀਜਨ ਅਤੇ ਥਾਣਿਆ ਵਿੱਚ ਸਮਾਧਾਨ ਕੈਂਪ ਲਗਾਏ ਗਏ, ਜਿਹਨਾ ਵਿੱਚ 942 ਦਰਖਾਸਤਾਂ ਦਾ ਮੌਕਾ ਪਰ ਹੀ ਨਿਪਟਾਰਾ ਕੀਤਾ ਗਿਆ।**

ਸ਼੍ਰੀ ਸੌਮਿਆ ਮਿਸ਼ਰਾ, ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਇੰਨਸਾਫ ਨੂੰ ਹਰ ਆਮ ਨਾਗਰਿਕ ਦੀ ਪਹੁੰਚ ਵਿੱਚ ਕਰਨ ਅਤੇ ਸਮਾਂਬੰਧ ਢੰਗ ਨਾਲ ਇੰਨਸਾਫ ਯਕੀਨੀ ਬਨਾਉਣ ਦੇ ਮਕਸਦ ਨਾਲ ਮਿਤੀ 02-03-2024 ਜਿਲ੍ਹਾ ਪੁਲਿਸ ਫਿਰੋਜ਼ਪੁਰ ਦੁਆਰਾ ਪੁਲਿਸ ਲਾਈਨ, ਫਿਰੋਜ਼ਪੁਰ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ, 09,10-03-2024, ਅਤੇ 16,17-03-2024 ਨੂੰ ਸਬ ਡਵੀਜਨ ਵਾਈਜ ਅਤੇ ਥਾਣਿਆ ਵਿੱਚ ਵਿਸ਼ੇਸ਼ ਸਮਾਧਾਨ ਕੈਂਪ ਲਗਾਇਆ ਗਿਆ। ਇਹਨਾ ਸਮਾਧਾਨ ਕੈਂਪਾ ਬਾਰੇ ਪਹਿਲਾਂ ਤੋਂ ਹੀ ਆਮ ਪਬਲਿਕ ਨੂੰ ਸੂਚਿੱਤ ਕੀਤਾ ਗਿਆ ਸੀ, ਜਿਸ ਤੇ ਸਮਾਧਾਨ ਕੈਂਪਾ ਦੌਰਾਨ ਵੱਖ-ਵੱਖ ਮਾਮਲਿਆ ਨਾਲ ਸਬੰਧਤ ਧਿਰਾਂ ਹਾਜ਼ਰ ਆਈਆ।

ਮਿਤੀ 02-03-2024 ਨੂੰ ਸਮਾਧਾਨ ਕੈਂਪ ਦੌਰਾਨ ਐਸ.ਐਸ.ਪੀ. ਫਿਰੋਜ਼ਪੁਰ ਖੁੱਦ ਹਾਜ਼ਰ ਰਹੇ। ਪੁਲਿਸ ਦੇ ਸੀਨੀਅਰ ਅਧਿਕਾਰੀਆ ਵੱਲੋਂ ਆਮ ਪਬਲਿਕ ਦੀਆ ਸ਼ਿਕਾਇਤਾਂ ਨੂੰ ਵਿਚਾਰਿਆ ਗਿਆ ਅਤੇ ਮੌਕਾ ਪਰ ਹੀ ਸਬੰਧਤ ਅਧਿਕਾਰੀਆ/ਕਰਮਚਾਰੀਆ ਨੂੰ ਯੋਗ ਦਿਸ਼ਾ-ਨਿਰਦੇਸ਼ ਜ਼ਾਰੀ ਕੀਤੇ ਗਏ। ਇਸ ਕੈਪ ਵਿੱਚ 520 ਦੇ ਕਰੀਬ ਦਰਖਾਸਤਕਰਤਾ ਹਾਜਰ ਆਏ ਅਤੇ ਮੋਕਾ ਪਰ ਕੁੱਲ 376 ਦਰਖਾਸਤਾ ਦਾ ਨਿਪਟਾਰਾ ਕੀਤਾ ਗਿਆ।

ਮਿਤੀ 09,10-03-2024 ਨੂੰ ਸਮਾਧਾਨ ਕੈਂਪ ਦੌਰਾਨ ਸਬ-ਡਵੀਜਨ ਦੇ ਹਲਕਾ ਅਫਸਰਾਨ ਅਤੇ ਸਬੰਧਿਤ ਮੁੱਖ ਅਫਸਰ ਥਾਣਾਜਾਤ ਹਾਜ਼ਰ ਰਹੇ। ਜਿਹਨਾ ਵੱਲੋ ਆਮ ਪਬਲਿਕ ਦੀਆ 470 ਸ਼ਿਕਾਇਤਾਂ ਨੂੰ ਵਿਚਾਰਿਆ ਗਿਆ ਅਤੇ ਮੌਕਾ ਪਰ ਹੀ ਕੁੱਲ 355 ਦਰਖਾਸਤਾ ਦਾ ਨਿਪਟਾਰਾ ਕੀਤਾ ਗਿਆ।

ਮਿਤੀ 16,17-03-2024 ਨੂੰ ਸਮਾਧਾਨ ਕੈਂਪ ਦੌਰਾਨ ਸਬ-ਡਵੀਜਨ ਦੇ ਹਲਕਾ ਅਫਸਰਾਨ ਅਤੇ ਸਬੰਧਿਤ ਮੁੱਖ ਅਫਸਰ ਥਾਣਾਜਾਤ ਹਾਜ਼ਰ ਰਹੇ। ਜਿਹਨਾ ਵੱਲੋ ਆਮ ਪਬਲਿਕ ਦੀਆ 330 ਸ਼ਿਕਾਇਤਾਂ ਨੂੰ ਵਿਚਾਰਿਆ ਗਿਆ ਅਤੇ ਮੌਕਾ ਪਰ ਹੀ ਕੁੱਲ 211 ਦਰਖਾਸਤਾ ਦਾ ਨਿਪਟਾਰਾ ਕਰਵਾਇਆ ਗਿਆ।

ਇਹਨਾ ਸਮਾਧਾਨ ਕੈਂਪਾ ਦੌਰਾਨ ਜਿਲ੍ਹਾ ਦੇ ਸਾਰੇ ਗਜ਼ਟਡ ਪੁਲਿਸ ਅਫਸਰਾਨ ਅਤੇ ਮੁੱਖ ਅਫਸਰਾਨ ਥਾਣਾਜਾਤ ਨਿੱਜੀ ਤੌਰ ਤੇ ਆਪਣੇ ਅਮਲੇ ਸਮੇਤ ਹਾਜ਼ਰ ਰਹੇ, ਜਿੰਨਾਂ ਵੱਲੋਂ ਮੌਕਾ ਪਰ ਸਬੰਧਤ ਧਿਰਾਂ ਨੂੰ ਸੁਣਿਆ ਗਿਆ ਅਤੇ ਕਾਨੂੰਨ ਅਨੁਸਾਰ ਉਹਨਾਂ ਦੀਆ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਗਿਆ ਅਤੇ ਸਬੰਧਤ ਮਾਮਲਿਆ ਸਬੰਧੀ ਮੌਕਾ ਪਰ ਹੀ ਹਾਜ਼ਰ ਅਧਿਕਾਰੀਆ/ਕ੍ਰਮਚਾਰੀਆ ਨੂੰ ਰਿਪੋਰਟ ਕੀਤੀ ਗਈ।ਜਿੰਨਾਂ ਵੱਲੋਂ ਮੌਕਾ ਪਰ ਹੀ ਅਗਲੇਰੀ ਕਾਨੂੰਨੀ ਕਾਰਵਾਈ ਦੇ ਨਿਰਦੇਸ਼ ਦਿੱਤੇ ਗਏ।। ਜੋ ਉਪਰੋਕਤ ਇਹਨਾ ਸਮਾਧਾਨ ਕੈਂਪਾ ਦੌਰਾਨ ਕੁੱਲ 942 ਦਰਖਾਸਤਾਂ ਦਾ ਨਿਪਟਾਰਾ ਕੀਤਾ ਗਿਆ। ਇਹਨਾ ਸਮਾਧਾਨ ਕੈਂਪਾ ਨੂੰ ਆਮ ਪਬਲਿਕ ਦਾ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਆਮ ਪਬਲਿਕ ਵਿੱਚ ਕਾਫੀ ਸੰਤੁਸ਼ਟੀ ਅਤੇ ਵਿਸ਼ਵਾਸ ਬਹਾਲੀ ਵੀ ਹੋਈ ਹੈ।

ਐਸ.ਐਸ.ਪੀ. ਫਿਰੋਜ਼ਪੁਰ ਨੇ ਅੱਗੇ ਦੱਸਿਆ ਕਿ ਭਵਿੱਖ ਵਿੱਚ ਵੀ ਅਜਿਹੇ ਕੈਂਪ ਲਗਾਏ ਜਾਣਗੇ ਅਤੇ ਫੀਲਡ ਸਟਾਫ ਨੂੰ ਸਪੱਸ਼ਟ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ, ਪਬਲਿਕ ਦੀਆ ਸਿਕਾਇਤਾਂ ਦਾ ਅੰਦਰ ਮਿਆਦ ਕਾਨੂੰਨ ਅਨੁਸਾਰ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ।




ਪੁਲਿਸ ਵਿਭਾਗ
ਜਿਲ੍ਹਾਂ ਫਿਰੋਜ਼ਪੁਰ
ਸਮਾਧਾਨ ਕੈਂਪ
ਪਬਲਿਕ ਦੀਆ ਦਰਖਾਸਤਾਂ ਦੇ
ਨਿਪਟਾਰੇ ਲਈ ਵਿਸ਼ੇਸ਼ ਕੈਂਪ ਅਯੋਜਿਤ
ਵੱਲੋ: ਸੀਨੀਅਰ ਕਪਤਾਨ ਪੁਲਿਸ, ਜਿਲ੍ਹਾਂ ਫ਼ਿਰੋਜ਼ਪੁਰ






ਪੁਲਿਸ ਵਿਭਾਗ
ਜਿਲ੍ਹਾਂ ਫਿਰੋਜ਼ਪੁਰ
ਸਮਾਧਾਨ ਕੈਂਪ
ਬਲਿਕ ਦੀਆ ਦਰਖਾਸਤਾਂ ਦੇ
ਲਈ ਵਿਸ਼ੇਸ਼ ਕੈਂਪ ਅਯੋਜਿਤ
ਕਪਤਾਨ ਪੁਲਿਸ, ਜਿਲ੍ਹਾਂ ਫਿਰੋਜ਼ਪੁਰ




ਚੇਤਾਵਨੀ
ਤੁਸੀਂ ਸੀ.ਸੀ.ਟੀ.ਵੀ. ਕੈਮਰੇ ਦੀ ਨਿਗਰਾਨੀ ਵਿੱਚ ਹੋ।
YOU ARE UNDER CCTV SURVEILLANCE

